# Tender Heart High School, Class-V (Punjabi)

## Chapter-12 — Gurpreet Kaur



ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।
ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-12 "ਸ੍ਰੀ ਰਾਮ ਚੰਦਰ ਜੀ" ਦੇ ਪਿਛਲੀ ਅਭਿਆਸਮਾਲਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ, ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪਾਠ-12 ਦੇ ਅਭਿਆਸ ਨੂੰ ਹੱਲ ਕਰੀਏ।

### ਬਹੁ-ਵਿਕਲਪੀ ਪ੍ਰਸ਼ਨ

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—**

(ੳ) ਰਾਜਾ ਦਸ਼ਰਥ ਕਿੱਥੋਂ ਦਾ ਰਾਜਾ ਸੀ?

ਲੰਕਾ ਦਾ ☐ ਅਯੋਧਿਆ ਦਾ ☑ ਮਥੁਰਾ ਦਾ ☐

(ਅ) ਸ਼੍ਰੀ ਰਾਮ ਧਰਤੀ 'ਤੇ ਕਿਸ ਦਾ ਰੂਪ ਧਾਰ ਕੇ ਆਏ ਸਨ ?

ਰਾਖਸ਼ ਦਾ ☐ ਰੱਬ ਦਾ ☑ ਬੰਦੇ ਦਾ ☐

(ੲ) ਸ਼੍ਰੀ ਰਾਮ ਨੇ ਕਿੰਨੇ ਸਾਲਾਂ ਦਾ ਬਨਵਾਸ ਕੱਟਿਆ?

ਚੌਦਾਂ ☑ ਤੇਰਾਂ ☐ ਬਾਰਾਂ ☐

(ਸ) ਸ਼੍ਰੀ ਰਾਮ, ਲਛਮਣ ਦੀ ਮੁਲਾਕਾਤ ਕਿਸ ਨਾਲ਼ ਹੋਈ?

ਮੇਘਨਾਥ ਨਾਲ ☐ ਰਾਵਣ ਨਾਲ਼ ☐ ਹਨੂੰਮਾਨ ਨਾਲ ☑

### ਲਿਖਤੀ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

(ੳ) ਰਾਜਾ ਦਸ਼ਰਥ ਦੀਆਂ ਕਿੰਨੀਆਂ ਰਾਣੀਆਂ ਸਨ?

→ ਤਿੰਨ।

(ਅ) ਸ਼੍ਰੀ ਰਾਮ ਜੀ ਦਾ ਵਿਆਹ ਕਿਸ ਨਾਲ਼ ਹੋਇਆ?

→ ਸੀਤਾ ਜੀ ਨਾਲ।

Tender Heart High School, Class- V (Punjabi)

Chapter-12 Gurpreet Kaur



(ੲ) ਸ਼੍ਰੀ ਰਾਮ ਕਿਨ੍ਹਾਂ ਨਾਲ਼ ਬਨਵਾਸ ਨੂੰ ਗਏ?

→ ਸੀਤਾ ਜੀ ਅਤੇ ਲਛਮਣ ਨਾਲ।

(ਸ) ਰਾਵਣ ਕਿਹੋ ਜਿਹਾ ਰਾਜਾ ਸੀ?

ਪਾਪੀ ਅਤੇ ਹੰਕਾਰੀ।

## 2. ਹੇਠਾਂ ਦਿੱਤੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੇਖੋ ਤੇ ਕਰੋ—

| ਸ਼ਬਦ | ਵਾਕ |
|---|---|
| ਨਾਸ਼ | ਸ਼੍ਰੀ ਰਾਮ ਨੇ ਪਾਪਾਂ ਦਾ ਨਾਸ਼ ਕੀਤਾ। |
| ਬਨਵਾਸ | ਸ਼੍ਰੀ ਰਾਮ ਨੇ ਚੌਦਾਂ ਸਾਲਾਂ ਦਾ ਬਨਵਾਸ ਕੱਟਿਆ। |
| ਮੁਲਾਕਾਤ | ਮੇਰੀ ਮੁਲਾਕਾਤ ਕੱਲ੍ਹ ਮੇਰੇ ਦੋਸਤ ਨਾਲ ਹੋਈ। |
| ਔਲਾਦ | ਯੱਗ ਤੋਂ ਪਹਿਲਾਂ ਰਾਜਾ ਦਸ਼ਰਥ ਦੀ ਕੋਈ ਔਲਾਦ ਨਹੀਂ ਸੀ। |

## 3. ਸਾਹਮਣੇ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਂ ਭਰੋ—

(ੳ) ਰਾਜੇ ਦਸ਼ਰਥ ਦੀਆਂ ਤਿੰਨ ਰਾਣੀਆਂ ਸਨ। (ਰਾਣੀਆਂ/ਦਾਸੀਆਂ)

(ਅ) ਸ਼੍ਰੀ ਰਾਮ ਸਭ ਤੋਂ ਵੱਡੇ ਪੁੱਤਰ ਸਨ। (ਛੋਟੇ/ਵੱਡੇ)

(ੲ) ਰਾਵਣ ਲੰਕਾ ਦਾ ਰਾਜਾ ਸੀ। (ਲੰਕਾ/ਅਯੋਧਿਆ)

(ਸ) ਸ਼੍ਰੀ ਰਾਮ ਨੇ ਰਾਵਣ ਨੂੰ ਮਾਰ ਕੇ ਪਾਪਾਂ ਦਾ ਅੰਤ ਕੀਤਾ। (ਬੰਦਿਆਂ/ਪਾਪਾਂ)

## 4. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਸ਼ਬਦਾਂ ਨਾਲ ਮੇਲੋ—

| | |
|---|---|
| 1. ਔਲਾਦ | ਗੁਜ਼ਾਰੇ (3) |
| 2. ਮਨਜ਼ੂਰ | ਧੀ-ਪੁੱਤਰ (1) |
| 3. ਬਿਤਾਏ | ਸਵੀਕਾਰ (2) |
| 4. ਹੋਣੀ | ਖ਼ਾਤਮਾ (5) |
| 5. ਅੰਤ | ਕੁਦਰਤ (4) |

Tender Heart High School, Class-V (Punjabi)

Chapter-12 Gurpreet Kaur

## ਰਚਨਾਤਮਕ ਗਤੀਵਿਧੀਆਂ

**ਸ਼੍ਰੀ ਰਾਮ ਚੰਦਰ ਜੀ ਬਾਰੇ ਪੰਜ ਵਾਕ ਲਿਖੋ। ਜਿਵੇਂ—**

1. ਸ਼੍ਰੀ ਰਾਮ ਚੰਦਰ ਜੀ ਰਾਜਾ ਦਸ਼ਰਥ ਦੇ ਸਭ ਤੋਂ ਵੱਡੇ ਪੁੱਤਰ ਸਨ।
2. ਉਹ ਪ੍ਰਭੂ ਦਾ ਅਵਤਾਰ ਸਨ।
3. ਉਹਨਾਂ ਨੇ ਕਈ ਪਾਪੀਆਂ ਦਾ ਨਾਸ਼ ਕੀਤਾ।
4. ਉਹਨਾਂ ਦਾ ਵਿਆਹ ਸੀਤਾ ਜੀ ਨਾਲ ਹੋਇਆ ਸੀ।
5. ਉਹਨਾਂ ਨੇ ਚੌਦਾਂ ਸਾਲਾਂ ਦਾ ਬਨਵਾਸ ਕੱਟਿਆ ਸੀ।

### ਯੋਗਤਾ ਪਰਖ

**ਹੇਠਾਂ ਦਿੱਤੇ ਚਿੱਤਰਾਂ ਨੂੰ ਦੇਖੋ ਤੇ ਦੱਸੋ ਇਹ ਕੀ ਕਰ ਰਹੇ ਹਨ।**

1. 

1) ਹਨੂੰਮਾਨ ਜੀ ਦੀ ਮੁਲਾਕਾਤ ਰਾਮ ਜੀ ਨਾਲ ਹੋ ਰਹੀ ਹੈ।

2. 

2) ਹਨੂੰਮਾਨ ਜੀ, ਪੱਥਰਾਂ ਉੱਤੇ ਸ਼੍ਰੀ ਰਾਮ ਜੀ ਦਾ ਨਾਂ ਲਿਖ ਰਹੇ ਹਨ।

ਧੰਨਵਾਦ।

Last page- (4)

Tender Heart High School, Class-V (Punjabi)

Chapter-12 Gurpreet Kaur

5. ਹੇਠਾਂ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ—

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪੁਰਾਣੀ | पुरानी | Old |
| ਸ਼ਹਿਰ | शहर | City |
| ਰਾਜਾ | राजा | King |
| ਰਾਣੀ | रानी | Queen |
| ਵਿਆਹ | शादी | Wedding |

## ਵਿਆਕਰਨ

1. ਹੇਠਾਂ ਦਿੱਤੇ ਗ਼ਲਤ ਸ਼ਬਦ-ਜੋੜਾਂ ਨੂੰ ਸ਼ੁੱਧ ਕਰਕੇ ਲਿਖੋ—

| ਗ਼ਲਤ | ਠੀਕ | ਗ਼ਲਤ | ਠੀਕ |
|---|---|---|---|
| 1) ਔਲਾਦ | ਔਲਾਦ | 2) ਸਹਿਰ | ਸ਼ਹਿਰ |
| 3) ਰਾਨੀ | ਰਾਣੀ | 4) ਪੁਤਰ | ਪੁੱਤਰ |
| 5) ਜੰਗਲਾ | ਜੰਗਲਾਂ | | |

ਨੋਟ : ਪਿਆਰੇ ਬੱਚਿਓ, ਭਾਸ਼ਾ ਦੇ ਪਰਚੇ ਵਿੱਚ ਸ਼ਬਦਾਂ ਦੇ ਸ਼ਬਦ-ਜੋੜ ਸ਼ੁੱਧ ਹੋਣੇ ਬਹੁਤ ਜ਼ਰੂਰੀ ਹਨ। ਗ਼ਲਤ ਸ਼ਬਦ-ਜੋੜਾਂ ਵਾਲੀ ਲਿਖਤ ਕਾਰਨ ਅਧਿਆਪਕ ਨੰਬਰ ਕੱਟ ਲੈਂਦੇ ਹਨ। ਇਸ ਲਈ ਲਿਖਣ ਲੱਗੇ ਇਸ ਦਾ ਖ਼ਾਸ ਧਿਆਨ ਰੱਖੋ।